# ਡਾਇਰੈਕਟਰ ਸਿੱਖਿਆ ਵਿਭਾਗ
# ਪੰਜਾਬ ਆਈ.ਸੀ.ਟੀ. ਐਜੂਕੇਸਨ ਸੋਸਾਇਟੀ

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ-ਬਲਾਕ, ਪੰਜਵੀਂ ਮੰਜਿਲ, ਫੇਜ-8, ਅਜੀਤਗੜ੍ਹ, ਫੋਨ ਨੰ: 0172-5212305
ਈ-ਮੇਲ: dspdict@punjabeducation.gov.in

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ),
ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ),
ਸਮੂਹ ਸਕੂਲ ਮੁੱਖੀ,
ਪੰਜਾਬ।

ਮੀਮੋ ਨੰ: 2/5-ICT/2018-19/Misc/ 16057
ਮਿਤੀ: 31/05/19

ਵਿਸ਼ਾ:- ਵਿਦਿਆਰਥੀਆਂ ਨੂੰ ਲਾਇਬ੍ਰੇਰੀ ਦੀਆਂ ਕਿਤਾਬਾਂ ਪੜ੍ਹਨ ਲਈ ਉਤਸਾਹਿਤ ਕਰਨ ਸਬੰਧੀ ਸਕੂਲ ਮੁੱਖੀਆਂ ਨੂੰ ਯੋਗ ਹਦਾਇਤਾ ਜਾਰੀ ਕਰਨ ਸਬੰਧੀ।

1. ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਸਮੂਹ ਸਕੂਲ ਮੁੱਖੀ ਲਾਇਬ੍ਰੇਰੀ ਨੂੰ ਉਪਯੋਗੀ ਬਣਾਉਣ ਸਬੰਧੀ ਹੇਠ ਲਿਖੀਆਂ ਹਦਾਇਤਾਂ ਦੀ ਪਾਲਣਾ ਕਰਨ :-

   i. ਸਕੂਲ ਮੁੱਖੀ ਲਾਇਬ੍ਰੇਰੀ ਵੱਲ ਵਿਸ਼ੇਸ ਧਿਆਨ ਦੇਣ ਤਾਂ ਜੋ ਵਿਦਿਆਰਥੀਂ ਲਾਇਬ੍ਰੇਰੀ ਦੀ ਮਹੱਤਤਾ ਨੂੰ ਸਮਝ ਸਕਣ।

   ii. ਸਾਰੇ ਸਕੂਲ ਮੁੱਖੀ, ਅਧਿਆਪਕ, ਜਮਾਤ ਇੰਚਾਰਜ ਵਿਦਿਆਰਥੀਆਂ ਦੇ ਰੋਲ ਮਾਡਲ ਬਣਨ ਅਤੇ ਉਨ੍ਹਾਂ ਨੂੰ ਕਿਤਾਬਾਂ ਪੜ੍ਹਨ ਲਈ ਪ੍ਰੇਰਿਤ ਕਰਨ।

   iii. ਸਵੇਰ ਦੀ ਸਭਾ ਵਿੱਚ ਵੱਧ ਤੋਂ ਵੱਧ ਕਿਤਾਬਾਂ ਪੜ੍ਹਨ ਵਾਲੇ ਵਿਦਿਆਰਥੀਆਂ ਵਿੱਚੋਂ BEST LIBRARY READER ਦੀ ਚੋਣ ਕਰਕੇ ਸਨਮਾਨਿਤ ਕੀਤਾ ਜਾਵੇ, ਤਾਂ ਜੋ ਵਿਦਿਆਰਥੀਆਂ ਵਿੱਚ ਮੁਕਾਬਲੇ ਦੀ ਭਾਵਨਾ ਦੇ ਨਾਲ ਕਿਤਾਬਾਂ ਪੜ੍ਹਨ ਦਾ ਰੁਝਾਨ ਵੱਧ ਸਕੇ।

   iv. ਸਕੂਲ ਮੁੱਖੀ ਦੇ ਦੁਆਰਾ ਲਾਇਬ੍ਰੇਰੀਅਨ / ਲਾਇਬ੍ਰੇਰੀ ਇੰਚਾਰਜ ਅਧਿਆਪਕ ਅਤੇ ਸਕੂਲ ਦੇ ਬਾਕੀ ਅਧਿਆਪਕਾਂ ਦੀ ਮਦਦ ਨਾਲ ਸਵੇਰ ਦੀ ਸਭਾ ਵਿੱਚ Current General Knowledge ਦੇ Questions ਪੁੱਛੇ ਜਾਣ ਅਤੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਉੱਤਰ ਲਾਇਬ੍ਰੇਰੀ ਦੀਆਂ Books , Newspaper, Magazines, Internet ਤੋਂ ਲੱਭਣ ਲਈ ਕਿਹਾ ਜਾਵੇ ਤਾਂ ਜੋ ਵਿਦਿਅਰਥੀ ਲਾਇਬ੍ਰੇਰੀ ਦੀ ਵਰਤੋਂ ਕਰਨਾ ਸਿੱਖਣ ਅਤੇ ਲਾਇਬ੍ਰੇਰੀ ਨਾਲ ਜੁੜ ਸਕਣ।

   v. ਹਰ ਮਹੀਨੇ ਲਾਇਬ੍ਰੇਰੀ ਵਿੱਚ ਕਿਸੇ ਪ੍ਰਸਿੱਧ ਹਸਤੀ, ਸਾਹਿਤਕਾਰ, ਲੇਖਕ, ਕਲਾਕਾਰ, ਪੁਰਾਣੇ ਵਿਦਿਆਰਥੀ ,ਸਿੱਖਿਆ ਸ਼ਾਸਤਰੀ ਜਾਂ ਕਿਸੇ ਵਿਦਵਾਨ ਆਦਿ ਦੇ Lecture ਕਰਵਾਏ ਜਾਣ ਤਾਂ ਜੋ ਉਹ ਵਿਦਿਆਰਥੀਆਂ ਨੂੰ ਜੀਵਨ ਵਿੱਚ ਲਾਇਬ੍ਰੇਰੀ ਦੀ ਮਹੱਤਤਾ ਬਾਰੇ ਦੱਸਣ।

vi. ਲਾਇਬ੍ਰੇਰੀਅਨ / ਲਾਇਬ੍ਰੇਰੀ ਇੰਚਾਰਜ ਅਧਿਆਪਕ ਵਿਦਿਆਰਥੀਆਂ ਦੇ Whatsapp Groups / Facebook page, Instagram ਅਤੇ ਹੋਰ ਮੀਡੀਆ ਤੇ groups ਬਣਾ ਕੇ ਵਿਦਿਆਰਥੀਆਂ ਨੂੰ E-Library ਨਾਲ ਜੋੜਨ ਅਤੇ ਇਨ੍ਹਾਂ ਗਰੁੱਪਾਂ ਵਿੱਚ Library ਸਬੰਧੀ Material ਪਾਉਣ ਜਿਵੇਂ E-books, Magazines, Daily Newspaper Link ਤਾਂ ਜੋ ਵਿਦਿਆਰਥੀ Media ਦੇ ਜਰੀਏ Library ਨਾਲ ਜੁੜ ਸਕਣ। ਲਾਇਬ੍ਰੇਰੀਅਨ/ ਲਾਇਬ੍ਰੇਰੀ ਇੰਚਾਰਜ ਅਧਿਆਪਕ ਉਸ ਤੇ Questioning ਕਰਨ ਅਤੇ ਜਵਾਬ ਦੇਣ ਵਾਲੇ ਵਿਦਿਆਰਥੀਆਂ ਦੀ ਪ੍ਰਸ਼ੰਸਾ ਕਰਨ।

vii. ਨਵੀਆਂ ਕਿਤਾਬਾਂ ਖ੍ਰੀਦਣ ਸਮੇਂ ਸਕੂਲ ਵਿੱਚ ਸਾਹਿਤ ਨਾਲ ਜੁੜੇ ਅਧਿਆਪਕਾਂ , ਇਲਾਕੇ ਦੇ ਸਾਹਿਤਕਾਰਾਂ, ਲਾਇਬ੍ਰੇਰੀ ਦੀਆਂ ਜਿਆਦਾ ਕਿਤਾਬਾਂ ਪੜ੍ਹਨ ਵਾਲੇ ਵਿਦਿਆਰਥੀਆਂ, ਲਾਇਬ੍ਰੇਰੀਅਨ / ਲਾਇਬ੍ਰੇਰੀ ਇੰਚਾਰਜ ਅਧਿਆਪਕ, ਤੋਂ ਉਨ੍ਹਾਂ ਦੀ ਪਸੰਦ ਪੁੱਛਕੇ ਕਮੇਟੀ ਬਣਾ ਕੇ ਕਿਤਾਬਾਂ ਦੀ ਖ੍ਰੀਦ ਕੀਤੀ ਜਾਵੇ।

viii. ਹਰ ਇੱਕ ਵਿਦਿਆਰਥੀ ਨੂੰ ਮਹੀਨੇ ਵਿੱਚ ਘੱਟ ਤੋਂ ਘੱਟ 2 ਕਿਤਾਬਾਂ ਪੜ੍ਹਨੀਆਂ ਜਰੂਰੀ ਕੀਤੀਆਂ ਜਾਣ ਅਤੇ ਇਹ ਕਾਰਵਾਈ ਰਸਮੀ ਨਾ ਹੋ ਕੇ ਸਾਰਥਿਕ ਹੋਵੇ।

ix. ਵਿਦਿਆਰਥੀਆਂ ਨੂੰ ਅਪਣੇ ਸਕੂਲ ਦੇ ਅਧਿਆਪਕਾਂ ਦੇ ਦੁਆਰਾ ਤਿਆਰ ਲੈਕਚਰ ਅਤੇ ਹੋਰ Subject Experts ਦੇ ਲੈਕਚਰ You Tube ਤੋਂ ਲਾਹੇਵੰਦ Videos ਸਮਾਰਟ TV ਰਾਹੀਂ ਦਿਖਾਈਆਂ ਜਾਣ।

ਡਾਇਰੈਕਟਰ ਸਿੱਖਿਆ ਵਿਭਾਗ, ਪੰਜਾਬ